20/1/2023

**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ।**
**(ਵਜੀਫਾ ਸ਼ਾਖਾ)**

**ਅਤਿ ਜਰੂਰੀ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) (ਈਮੇਲ ਰਾਹੀਂ)
ਪੰਜਾਬ ਰਾਜ।
ਮੀਮੋ ਨੰ. E-69266/2023
ਮਿਤੀ:- 20-01-2023

**ਵਿਸ਼ਾ:-** **ਈ-ਪੰਜਾਬ ਪੋਰਟਲ ਤੇ ਸਕੂਲ ਲਾਗ ਇਨ ਆਈ.ਡੀ. ਤੋਂ ਮੋਬਾਇਲ ਨੰਬਰ ਦਰੁਸਤ/ਅਪਡੇਟ ਕਰਨ ਸਬੰਧੀ**

1.0 ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਐਂਡ ਅਦਰਜ ਸਕੀਮ ਅਧੀਨ ਈ-ਪੰਜਾਬ ਪੋਰਟਲ ਤੇ ਅਪਲਾਈ ਕੀਤੇ ਵਿਦਿਆਰਥੀਆਂ ਦਾ ਡਾਟਾ ਚੈੱਕ ਕਰਨ ਉਪਰੰਤ ਇਹ ਪਾਇਆ ਗਿਆ ਹੈ ਕਿ ਬਹੁਤ ਸਾਰੇ ਵਿਦਿਆਰਥੀਆਂ ਦੇ ਮੋਬਾਇਲ ਨੰਬਰ ਪੋਰਟਲ ਤੇ ਗਲਤ ਭਰੇ ਹੋਏ ਹਨ।

2.0 ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਐਂਡ ਅਦਰਜ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਪੋਰਟਲ ਤੇ ਭਰਿਆ ਹੋਇਆ ਮੋਬਾਇਲ ਨੰਬਰ ਹੇਠ ਦਰਸਾਏ ਅਨੁਸਾਰ ਦਰੁਸਤ ਹੋਣਾ ਚਾਹੀਦਾ ਹੈ:-

1. ਮੋਬਾਇਲ ਨੰਬਰ 10 ਡਿਜੀਟ ਦਾ ਹੋਣਾ ਜਰੂਰੀ ਹੈ।
2. ਮੋਬਾਇਲ ਨੰਬਰ 6,7,8,9 ਡਿਜੀਅਟ ਤੋਂ ਹੀ ਸ਼ੁਰੂ ਹੋਣਾ ਚਾਹੀਦਾ ਹੈ।
3. ਮੋਬਾਇਲ ਨੰਬਰ Active ਹੋਣਾ ਚਾਹੀਦਾ ਹੈ।

3.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਨੂੰ ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਐਂਡ ਅਦਰਜ ਸਕੀਮ ਅਧੀਨ ਅਪਲਾਈ ਕੀਤੇ ਵਿਦਿਆਰਥੀਆਂ ਦੀ ਲਿਸਟ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਤੋਂ ਇਨ੍ਹਾਂ ਵਿਦਿਆਰਥੀਆਂ ਦੇ ਮੋਬਾਇਲ ਨੰਬਰ, ਈ-ਪੰਜਾਬ ਪੋਰਟਲ ਤੇ ਉਕਤ ਅਨੁਸਾਰ , ਦਰੁਸਤ ਕਰਵਾਉਣ ਉਪਰੰਤ , ਮੁੱਖ ਦਫਤਰ ਨੂੰ ਸਰਟੀਫਿਕੇਟ ਭੇਜਿਆ ਜਾਵੇ ਕਿ ***ਸਾਰੇ ਯੋਗ ਲਾਭਪਾਤਰੀਆਂ ਦੇ ਮੋਬਾਇਲ ਨੰਬਰ ਦਰੁਸਤ ਕਰਵਾ ਦਿਤੇ ਗਏ ਹਨ।***

4.0 ਉਕਤ ਸਬੰਧੀ ਮਿਤੀ 25-01-2023 ਤੱਕ ਈ-ਪੰਜਾਬ ਪੋਰਟਲ ਤੇ ਯੋਗ ਵਿਦਿਆਰਥੀਆਂ ਦੇ ਮੋਬਾਇਲ ਨੰਬਰ ਦਰੁਸਤ ਕਰਵਾਉਣ ਉਪਰੰਤ ਸਰਟੀਫੇਕਟ ਦੇਣਾ ਯਕੀਨੀ ਬਣਾਇਆ ਜਾਵੇ। ਜੇਕਰ ਮਿੱਥੇ ਸਮੇਂ ਦੇ ਅੰਦਰ-ਅੰਦਰ ਮੁੱਖ ਦਫਤਰ ਨੂੰ ਸਰਟੀਫਿਕੇਟ ਪ੍ਰਾਪਤ ਨਹੀਂ ਹੁੰਦਾ ਹੈ ਤਾਂ ਡਿਫਾਲਟਰ ਜਿਲ੍ਹਿਆਂ ਦੀ ਲਿਸਟ ਉੱਚ ਅਧਿਕਾਰੀਆਂ ਨੂੰ ਭੇਜ ਦਿਤੀ ਜਾਵੇਗੀ।

ਇਸ ਨੂੰ ਪਰਮ ਅਗੇਤ ਦਿਤੀ ਜਾਵੇ।

ਨੱਥੀ:-(153571 ਵਿਦਿਆਰਥੀਆਂ ਦੀ ਲਿਸਟ)।

19.01.2023

ਸਹਾਇਕ ਡਾਇਰੈਕਟਰ (ਵਜੀਫਾ)

Scanned with CamScanner

Scanned by CamScanner

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(1)/2023/1055 ਮਿਤੀ: 20-01-2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਲਿਸਟ ਅਨੁਸਾਰ ਈ-ਪੰਜਾਬ ਤੇ ਜੋ ਵਿਦਿਆਰਥੀ/ ਵਜੀਫ਼ੇ ਲਈ ਅਪਲਾਈ ਕੀਤੇ ਸਨ ਉਨ੍ਹਾਂ ਦੇ ਸੰਬੰਧਿਤ ਨੂੰ ਉਪਰੋਕਤ ਪੱਤਰ ਅਨੁਸਾਰ ਅਪਡੇਟ ਕੀਤੇ ਜਾਣ ਅਤੇ ਸਰਟੀਫਿਕੇਟ ਲਿਆ ਜਾਵੇ ਕਿ ਸਾਰੇ ਵਿਦਿਆਰਥੀਆਂ ਦੇ ਸੰਬੰਧਿਤ ਅਪਡੇਟ ਕਰਵਾ ਦਿੱਤੇ ਗਏ ਹਨ। ਇਹ ਸਰਟੀਫਿਕੇਟ ਇਸ ਦਫ਼ਤਰ ਦੀ ਈ-ਮੇਲ ਆਈ.ਡੀ. scholarshipmamta21@gmail.com ਤੇ 23/1/2023 ਨੂੰ ਹਰ ਹਾਲਤ ਵਿੱਚ ਭੇਜਿਆ ਜਾਵੇ।

Gurmeet Kaur

ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਬਠਿੰਡਾ
ਪ੍ਰਾਪਤ
ਮਿਤੀ
20/1/23

Scanned by CamScanner